This question paper contains 4 printed pages]

*Your Roll No*.........................

**794**

**B.A. (PROGRAMME)/I** **D**

PUNJABI LANGUAGE (C)—Paper I

(Basic Punjabi)

(Admissions of 2004/2006 and onwards in respect of the students of regular colleges/NCWEB.)

*Time* : 3 *Hours* *Maximum Marks* : 75

*(Write your Roll No. on the top immediately on receipt of this question paper.)*

*Note* :— The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

**ਨੋਟ** : ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ।

1. ਆਪਣੇ ਕਾਲਜ ਦੇ ਪ੍ਰਿੰਸੀਪਲ ਸਾਹਿਬ ਨੂੰ ਫੀਸ ਮੁਆਫ਼ੀ ਲਈ ਬਿਨੈ ਪੱਤਰ ਲਿਖੋ। 15

**ਜਾਂ**

ਆਪਣੀ ਸਹੇਲੀ ਨੂੰ ਆਪਣੇ ਭਰਾ ਦੇ ਵਿਆਹ ਦਾ ਸੱਦਾ ਪੱਤਰ ਲਿਖੋ।

P.T.O.

2. ਕਿਸੇ **ਇਕ** ਵਿਸ਼ੇ 'ਤੇ ਸਾਹਿਤਕ ਪੈਰ੍ਹਾ ਲਿਖੋ : 10

   i) ਭ੍ਰਿਸ਼ਟਾਚਾਰ

   ii) ਮੇਰੀ ਮਨ ਭਾਉਂਦੀ ਪੁਸਤਕ

   iii) ਔਰਤ ਕਿੰਨੀ ਸੁਰੱਖਿਅਤ?

3. ਪੰਜਾਬੀ ਭਾਸ਼ਾ ਲਿਖਣ ਲਈ ਕਿਹੜੀ ਲਿਪੀ ਵਰਤੀ ਜਾਂਦੀ ਹੈ ਅਤੇ ਕਿਉਂ? 10

4. ਹੇਠ ਲਿਖੇ ਵਿਆਕਰਣਕ ਸੰਕਲਪਾਂ ਵਿਚੋ ਦੋ ਦੀ ਪਰਿਭਾਸ਼ਾ ਉਦਾਹਰਣ ਸਹਿਤ ਲਿਖੋ 10

   i) ਵਿਸ਼ੇਸ਼ਣ

   ii) ਕਿਰਿਆ ਵਿਸ਼ੇਸ਼ਣ

   iii) ਯੋਜਕ

5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਹਿਦਾਇਤਾਂ ਅਨੁਸਾਰ ਲਿਖੋ :-

   (ੳ) ਹੇਠ ਲਿਖੇ ਬਹੁਤੇ ਸ਼ਬਦਾਂ ਦੀ ਥਾਂ ਇਕ ਸ਼ਬਦ ਵਰਤੋਂ : 05

      i) ਆਪ ਨਾਲ ਬੀਤੀ ਘਟਨਾ।

      ii) ਕੀਤੇ ਨੂੰ ਨਾ ਜਾਨਣ ਵਾਲਾ।

      iii) ਜੋ ਸੁਣ ਨਾ ਸਕੇ।

      iv) ਜੋ ਮਾਸ ਖਾਂਦਾ ਹੋਵੇ।

      v) ਜਿਹੜਾ ਰੱਬ ਤੇ ਵਿਸ਼ਵਾਸ ਰਖੇ।

(ਅ) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰ ਕੇ ਲਿਖੋ : 05

ਸੇਹਤ, ਜੈਯ, ਗਯਾਨੀ, ਸ਼ੈਹਰ, ਬੋਹਤ।

(ੲ) ਹੇਠ ਲਿਖੇ ਸ਼ਬਦਾਂ ਦੇ ਉਲਟ ਭਾਵੀ ਸ਼ਬਦ ਲਿਖੋ : 05

ਆਸ, ਉਤਰਨਾ, ਖ਼ਾਲੀ, ਸਸਤਾ, ਅੰਦਰ।

(ਸ) ਹੇਠ ਲਿਖੇ ਬਹੁਅਰਥਕ ਸ਼ਬਦਾਂ ਦੇ ਦੋ-ਦੋ ਅਰਥ ਲਿਖੋ : 05

ਉੱਚਾ, ਕਾਲ, ਛਾਪਾ, ਜਾਗ, ਗੋਲਾ।

6. ਹੇਠ ਦਿਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸ ਦੇ ਹੇਠਾਂ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ। 10

ਸੁਕਰਾਤ ਯੂਨਾਨ ਦਾ ਮਹਾਨ **ਦਾਰਸ਼ਨਿਕ** ਸੀ। ਉਹ ਕਦੀ ਗੁੱਸੇ ਵਿਚ ਨਹੀਂ ਆਉਂਦਾ ਸੀ। ਉਸ ਦਾ ਵਿਚਾਰ ਸੀ ਕਿ ਕ੍ਰੋਧੀ ਮਨੁੱਖ ਪਸ਼ੂ ਦੇ ਸਮਾਨ ਹੁੰਦਾ ਹੈ। ਸੁਕਰਾਤ ਦੀ ਪਤਨੀ ਬੜੇ **ਚਿੜਚਿੜੇ ਸੁਭਾਅ** ਦੀ ਸੀ। ਇਕ ਦਿਨ ਉਹ ਬੜੇ ਗੁੱਸੇ ਤੇ ਗਜ਼ਬ ਵਿਚ ਆਈ ਸੁਕਰਾਤ ਦਾ ਅਪਮਾਨ ਕਰਨ ਲਗੀ। ਸੁਕਰਾਤ ਨੇ ਨਿਸ਼ਚਾ ਧਾਰ ਲਿਆ ਕਿ ਉਹ ਪੂਰੀ ਤਰ੍ਹਾਂ ਸ਼ਾਂਤ ਰਹੇਗਾ। ਉਹ ਘਰ ਦੇ ਬਾਹਰ ਜਾ ਕੇ ਇਕ ਚੱਟਾਨ 'ਤੇ ਬਹਿ ਗਿਆ। ਉਸ ਨੇ ਆਪਣੀ ਪਤਨੀ ਦੇ ਸ਼ਬਦਾਂ ਵੱਲ ਬਿਲਕੁਲ ਧਿਆਨ ਨਾ ਦਿਤਾ। ਉਹ ਦੀ ਪਤਨੀ ਉਹ ਦੇ ਤੇ

ਟੁੱਟ ਪਈ ਤੇ ਪਾਣੀ ਦਾ ਭਰਿਆ ਬਰਤਨ ਉਸ ਤੇ **ਉਲਟ** ਦਿਤਾ। ਇਹ ਵੇਖ ਕੇ **ਰਾਹਗੀਰ** ਹੱਸਣ ਲਗੇ। ਸੁਕਰਾਤ ਵੀ ਉਨ੍ਹਾਂ, ਦੇ ਹਾਸੇ ਵਿਚ ਸ਼ਾਮਿਲ ਹੋ ਕੇ ਕਹਿਣ ਲੱਗਾ, "ਮੈਂ ਇਸ ਦੀ ਹੀ ਉਡੀਕ ਕਰ ਰਿਹਾ ਸਾਂ। ਬੱਦਲਾਂ ਦੇ ਗਜਣ ਤੋਂ ਮਗਰੋਂ ਵਰਖਾ ਹੋਇਆ ਹੀ ਕਰਦੀ ਹੈ।

i) ਸੁਕਰਾਤ ਕੌਣ ਸੀ? ਉਸ ਦਾ ਸੁਭਾਅ ਕਿਹੋ ਜਿਹਾ ਸੀ?

ii) ਸੁਕਰਾਤ ਦੀ ਪਤਨੀ ਨੇ ਕੀ ਕੀਤਾ?

iii) ਸੁਕਰਾਤ ਨੇ ਰਾਹਗੀਰ ਨੂੰ ਕੀ ਕਿਹਾ?

iv) ਗੂੜ੍ਹੇ (ਬੋਲਟ) ਸ਼ਬਦਾਂ ਦੇ ਅਰਥ ਲਿਖੋ।

v) ਪੈਰ੍ਹੇ ਦਾ ਢੁੱਕਵਾਂ ਸਿਰਲੇਖ ਚੁਣੋ।